Civil Resolution Tribunal

# ਸੀ ਆਰ ਟੀ ਦਾ ਅਧਿਕਾਰ ਖੇਤਰ

## ਸੀ ਆਰ ਟੀ ਕਿਸ ਕਿਸਮ ਦੇ ਝਗੜੇ ਸੁਣ ਸਕਦਾ ਹੈ?

ਇਸ ਚੀਜ਼ ਬਾਰੇ ਜ਼ਿਆਦਾ ਜਾਣੋ ਕਿ ਸੀ ਆਰ ਟੀ ਕਿਹੜੇ ਝਗੜਿਆਂ ਵਿਚ ਮਦਦ ਕਰ **ਸਕਦਾ** ਹੈ ਅਤੇ ਕਿਹੜਿਆਂ ਵਿਚ **ਨਹੀਂ**।

ਜ਼ਿਆਦਾ ਜਾਣੋ

## ਮੈਂ ਕਿਸ ਕਿਸਮ ਦੇ ਸਟਰੈਟਾ ਝਗੜੇ ਸੀ ਆਰ ਟੀ ਕੋਲ ਲਿਆ ਸਕਦਾ/ਸਕਦੀ ਹਾਂ?

ਸੀ ਆਰ ਟੀ ਸਟਰੈਟਾ ਪ੍ਰਾਪਰਟੀਆਂ ਅਤੇ ਸਟਰੈਟਾ ਕਾਰਪੋਰੇਸ਼ਨਾਂ ਦੇ ਮਾਲਕਾਂ ਅਤੇ ਕਿਰਾਏਦਾਰਾਂ ਵਿਚਕਾਰ ਵੱਖ ਵੱਖ ਕਿਸਮਾਂ ਦੇ ਝਗੜਿਆਂ ਦਾ ਹੱਲ ਕਰ ਸਕਦਾ ਹੈ, ਜਿਵੇਂ ਕਿ:

- ਮਹੀਨਾਵਾਰ ਸਟਰੈਟਾ ਫੀਸਾਂ ਜਾਂ ਜੁਰਮਾਨੇ ਅਦਾ ਨਾ ਕਰਨਾ
- ਸਟਰੈਟਾ ਕਾਰਪੋਰੇਸ਼ਨਾਂ ਜਾਂ ਕਿਸੇ ਕੰਪਲੈਕਸ ਵਿਚਲੀਆਂ ਅੱਧ ਨਾਲੋਂ ਜ਼ਿਆਦਾ ਲੌਟਾਂ ਦੀ ਮਾਲਕੀ ਵਾਲੇ ਲੋਕਾਂ ਵਲੋਂ ਨਾਵਾਜਬ ਕਾਰਵਾਈਆਂ
- ਸਟਰੈਟਾ ਬਾਈਲਾਜ਼ ਨੂੰ ਨਾਵਾਜਬ, ਆਪਹੁਦਰੇ ਢੰਗ ਨਾਲ ਲਾਗੂ ਕਰਨਾ ਜਾਂ ਬਾਈਲਾਜ਼ ਨੂੰ ਲਾਗੂ ਨਾ ਕਰਨਾ, ਜਿਵੇਂ ਕਿ ਰੌਲੇ, ਪਾਲਤੂ ਜਾਨਵਰਾਂ, ਪਾਰਕਿੰਗ, ਰੈਂਟਲਜ਼ ਬਾਰੇ ਬਾਈਲਾਜ਼
- ਆਪਣੇ ਬਾਈਲਾਅ ਲਾਗੂ ਕਰਨ ਵਿਚ ਸਟਰੈਟਾ ਦਾ ਫੇਲ੍ਹ ਹੋਣਾ
- ਰਿਪੇਅਰਾਂ ਲਈ ਮਾਇਕ ਜ਼ਿੰਮੇਵਾਰੀਆਂ
- ਮੀਟਿੰਗਾਂ, ਵੋਟਿੰਗ, ਕਾਰਵਾਈਆਂ ਦੀਆਂ ਸੰਖੇਪ ਰਿਪੋਰਟਾਂ ਜਾਂ ਚਲਾਉਣ ਦੇ ਹੋਰ ਮਾਮਲਿਆਂ ਵਿਚ ਬੇਨਿਯਮੀਆਂ
- ਕਾਨੂੰਨ, ਨਿਯਮਾਂ ਜਾਂ ਬਾਈਲਾਜ਼ ਦੀ ਵਿਆਖਿਆ
- ਸਾਂਝੀ ਪ੍ਰਾਪਰਟੀ ਬਾਰੇ ਮਸਲੇ

ਸੀ ਆਰ ਟੀ ਸਿਰਫ ਉਨ੍ਹਾਂ ਝਗੜਿਆਂ ਵਿਚ ਹੀ ਮਦਦ ਕਰ ਸਕਦਾ ਹੈ ਜਿਨ੍ਹਾਂ ਵਿਚ ਕਿਸੇ ਝਗੜੇ ਨੂੰ ਸ਼ੁਰੂ ਕਰਨ ਵਾਲੀ ਘਟਨਾ ਬੀ ਸੀ ਵਿਚ ਵਾਪਰੀ ਹੋਵੇ

## ਮੈਂ ਝਗੜਿਆਂ ਦੇ ਕਿਸ ਕਿਸਮ ਦੇ ਛੋਟੇ ਕਲੇਮ ਸੀ ਆਰ ਟੀ ਕੋਲ ਲਿਆ ਸਕਦਾ/ਸਕਦੀ ਹਾਂ?

ਸੀ ਆਰ ਟੀ 5,000 ਡਾਲਰ ਅਤੇ ਇਸ ਤੋਂ ਘੱਟ ਦੇ ਛੋਟੇ ਕਲੇਮ ਹੱਲ ਕਰ ਸਕਦਾ ਹੈ, ਜਿਸ ਵਿਚ ਵਿਆਜ ਜਾਂ ਝਗੜੇ ਨਾਲ ਸੰਬੰਧਿਤ ਖਰਚੇ ਸ਼ਾਮਲ ਨਹੀਂ ਹਨ। ਇਨ੍ਹਾਂ ਝਗੜਿਆਂ ਵਿਚ ਸ਼ਾਮਲ ਹਨ:

- ਕਰਜ਼ੇ ਜਾਂ ਨੁਕਸਾਨ
- ਨਿੱਜੀ ਜਾਇਦਾਦ ਦੀ ਵਸੂਲੀ
- ਨਿੱਜੀ ਸੱਟਾਂ
- ਨਿੱਜੀ ਜਾਇਦਾਦ ਜਾਂ ਸੇਵਾਵਾਂ ਬਾਰੇ ਐਗਰੀਮੈਂਟਾਂ ਦੀ ਖਾਸ ਕਾਰਗੁਜ਼ਾਰੀ

ਜੇ ਤੁਹਾਡਾ ਕਲੇਮ 5,000 ਡਾਲਰ ਤੋਂ ਉੱਪਰ ਦਾ ਹੈ, ਤਾਂ ਸੀ ਆਰ ਟੀ ਕੋਲ ਝਗੜੇ ਦੇ ਹੱਲ ਲਈ ਐਪਲੀਕੇਸ਼ਨ ਕਰਨ ਲਈ ਤੁਹਾਨੂੰ ਕਲੇਮ ਨੂੰ 5,000 ਡਾਲਰ ਜਾਂ ਘੱਟ ਤੱਕ ਘਟਾਉਣਾ ਪਵੇਗਾ। ਇਸ ਦਾ ਮਤਲਬ ਹੈ ਕਿ ਤੁਸੀਂ ਉਹ ਰਕਮ "ਛੱਡਦੇ" ਹੋ ਜਿਹੜੀ 5,000 ਡਾਲਰ ਤੋਂ ਉੱਪਰ ਹੈ। ਪਰ ਇਹ ਗੱਲ ਜਾਣੋ ਕਿ ਜਦੋਂ ਇਕ ਵਾਰੀ ਤੁਸੀਂ ਕੋਈ ਰਕਮ ਛੱਡ ਦਿੱਤੀ ਤਾਂ ਤੁਹਾਡੇ ਕਲੇਮ ਦਾ ਉਹ ਹਿੱਸਾ ਚਲਾ ਜਾਵੇਗਾ ਅਤੇ ਤੁਸੀਂ ਇਹ ਦੁਬਾਰਾ ਕਲੇਮ ਨਹੀਂ ਕਰ ਸਕਦੇ, ਸੀ ਆਰ ਟੀ ਵਿਖੇ ਜਾਂ ਕਿਤੇ ਵੀ ਹੋਰ।

ਸੀ ਆਰ ਟੀ ਦੇ ਸਮਾਲ ਕਲੇਮਜ਼ ਦੇ ਅਧਿਕਾਰ ਖੇਤਰ ਬਾਰੇ ਜ਼ਿਆਦਾ ਜਾਣਕਾਰੀ ਲਈ ਸਿਵਲ ਰੈਜ਼ੋਲੂਸ਼ਨ ਟ੍ਰਿਬਿਊਨਲ ਐਕਟ, ਸੈਕਸ਼ਨ 3.1 ਦੇਖੋ।

### ਕਿਸ ਕਿਸਮ ਦੇ ਝਗੜੇ ਸੀ ਆਰ ਟੀ ਕੋਲ ਨਹੀਂ ਲਿਆਂਦੇ ਜਾ ਸਕਦੇ?

ਸੀ ਆਰ ਟੀ ਕੁਝ ਝਗੜਿਆਂ ਦਾ ਹੱਲ ਕਰਨ ਦੇ ਯੋਗ ਨਹੀਂ ਹੈ। ਇਨ੍ਹਾਂ ਵਿੱਚੋਂ ਕੁਝ ਬੀ ਸੀ ਸੁਪਰੀਮ ਕੋਰਟ, ਬੀ ਸੀ ਦੀ ਸੂਬਾਈ ਕੋਰਟ, ਜਾਂ ਕਿਸੇ ਹੋਰ ਟ੍ਰਿਬਿਊਨਲ ਕੋਲ ਲਿਜਾਣ ਦੀ ਲੋੜ ਪਵੇਗੀ। ਕੁਝ ਹੋਰ ਸ਼ਾਇਦ ਕਿਸੇ ਵੀ ਅਦਾਲਤ ਜਾਂ ਟ੍ਰਿਬਿਊਨਲ ਅੱਗੇ ਯੋਗ ਕਾਨੂੰਨੀ ਕਲੇਮ ਨਾ ਹੋਣ।

ਸੀ ਆਰ ਟੀ, ਜ਼ਮੀਨ ਜਾਂ ਤੁਹਾਡੀ ਸਟਰੈਟਾ ਲੌਟ ਵਿਚ ਤੁਹਾਡੇ ਹਿੱਤ ਨੂੰ ਖਤਮ ਕਰਨ ਜਾਂ ਹਟਾਉਣ ਨਾਲ ਸੰਬੰਧਿਤ ਮਾਮਲਿਆਂ ਬਾਰੇ ਫੈਸਲਾ **ਨਹੀਂ** ਕਰ ਸਕਦਾ।

ਸੀ ਆਰ ਟੀ ਸਟਰੈਟਾ ਪ੍ਰਾਪਰਟੀ ਦੇ ਪੁਰਾਣੇ ਮਾਲਕਾਂ ਵਲੋਂ ਕੀਤੇ ਗਏ ਜਾਂ ਉਨ੍ਹਾਂ ਦੇ ਵਿਰੁੱਧ ਕੀਤੇ ਗਏ ਕੇਸਾਂ ਦਾ ਹੱਲ **ਨਹੀਂ** ਕਰ ਸਕਦਾ।
ਸੀ ਆਰ ਟੀ ਉਨ੍ਹਾਂ ਮਾਮਲਿਆਂ ਦਾ ਹੱਲ **ਨਹੀਂ** ਕਰ ਸਕਦਾ ਜਿਨ੍ਹਾਂ ਦਾ ਜ਼ਮੀਨ `ਤੇ ਅਸਰ ਪੈਂਦਾ ਹੈ, ਜਿਵੇਂ ਕਿ:

- ਸਟਰੈਟਾ ਲੌਟ ਦੀ ਵਿਕਰੀ ਦਾ ਆਰਡਰ ਕਰਨਾ
- ਬਿਲਡਰਾਂ ਦੀਆਂ ਲੀਨਾਂ
- ਨੁਕਸਾਨੀ ਗਈ ਪ੍ਰਾਪਰਟੀ ਨੂੰ ਦੁਬਾਰਾ ਬਣਾਉਣ ਦੇ ਸੰਬੰਧ ਵਿਚ ਅਦਾਲਤ ਦੇ ਆਰਡਰ
- ਡਿਵੈਲਪਰਾਂ ਅਤੇ ਪੜਾਵਾਂ ਵਿਚਲੀਆਂ ਸਟਰੈਟਾ ਪਲੈਨਾਂ ਨਾਲ ਨਿਪਟਣਾ
- ਸਟਰੈਟਾ ਕੰਪਲੈਕਸ ਵਿਚ ਹਰ ਮਾਲਕ ਦੇ ਹਿੱਸੇ ਦੀ ਪ੍ਰਤੀਸ਼ਤ ਦਾ ਫੈਸਲਾ ਕਰਨਾ

ਸੀ ਆਰ ਟੀ ਉਨ੍ਹਾਂ ਮਾਮਲਿਆਂ ਦਾ ਫੈਸਲਾ **ਨਹੀਂ** ਕਰ ਸਕਦਾ ਜਿਨ੍ਹਾਂ ਵਿਚ ਤੁਹਮਤਾਂ, ਮਾਣ-ਹਾਨੀਆਂ ਜਾਂ ਬਦਨੀਤੀ ਵਾਲੀਆਂ ਪੈਰਵਾਈਆਂ ਸ਼ਾਮਲ ਹੁੰਦੀਆਂ ਹਨ।

ਸੀ ਆਰ ਟੀ, ਰੈਜ਼ੀਡੈਂਸ਼ਲ ਟੈਨੈਂਸੀ ਬਰਾਂਚ (ਆਰ ਟੀ ਬੀ) ਜਾਂ ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ (ਈ ਐੱਸ ਬੀ) ਦੇ ਆਰਡਰਾਂ ਨੂੰ ਲਾਗੂ **ਨਹੀਂ** ਕਰ ਸਕਦਾ। ਇਹ ਬੀ ਸੀ ਦੀ ਸੂਬਾਈ ਕੋਰਟ ਵਿਚ ਲਾਗੂ ਕਰਵਾਉਣ ਦੀ ਲੋੜ ਹੁੰਦੀ ਹੈ।

ਸੀ ਆਰ ਟੀ ਕਿਸੇ ਸਟਰੈਟਾ ਕੰਪਲੈਕਸ ਵਿਚ ਮਹੱਤਵਪੂਰਨ ਮਾਮਲਿਆਂ ਨਾਲ ਸੰਬੰਧਿਤ ਇਨ੍ਹਾਂ ਮੁੱਦਿਆਂ ਬਾਰੇ ਫੈਸਲੇ **ਨਹੀਂ** ਕਰ ਸਕਦਾ।

- ਸਟਰੈਟਾ ਕਾਰਪੋਰੇਸ਼ਨ ਨੂੰ ਚਲਾਉਣ ਲਈ ਐਡਮਿਨਸਟਰੇਟਰ ਨਿਯੁਕਤ ਕਰਨਾ
- ਕਿਸੇ ਦਿਵਾਲੇ ਵਿਚ ਅਧਿਕਾਰ ਸੌਂਪਣ ਦੇ ਆਰਡਰ ਦੇਣਾ
- ਕਿਸੇ ਸਟਰੈਟਾ ਕਾਰਪੋਰੇਸ਼ਨ ਨੂੰ ਸਮੇਟਣ ਦੀਆਂ ਅਰਜ਼ੀਆਂ
- ਸਟਰੈਟਾ ਕੌਂਸਲ ਦੇ ਕਿਸੇ ਮੈਂਬਰ ਵਲੋਂ ਕਥਿਤ ਹਿੱਤਾਂ ਦੇ ਟਕਰਾਅ ਲਈ ਸਟਰੈਟਾ ਪ੍ਰਾਪਰਟੀ ਐਕਟ ਦੇ ਸੈਕਸ਼ਨ 33 ਹੇਠ ਹੱਲ ਕਰਨਾ
- ਕਿਸੇ ਸਟਰੈਟਾ ਲੌਟ ਦੇ ਸੰਬੰਧ ਵਿਚ ਉਦੋਂ ਵੋਟਰ ਨਿਯੁਕਤ ਕਰਨਾ ਜਦੋਂ ਵੋਟ ਪਾਉਣ ਲਈ ਕੋਈ ਵਿਅਕਤੀ ਨਾ ਹੋਵੇ

ਸੀ ਆਰ ਟੀ ਉਸ ਝਗੜੇ ਦਾ ਹੱਲ **ਨਹੀਂ** ਕਰ ਸਕਦਾ ਜਿਸ ਝਗੜੇ ਨੂੰ ਸ਼ੁਰੂ ਕਰਨ ਵਾਲੀ ਘਟਨਾ ਬੀ ਸੀ ਵਿਚ ਨਾ ਵਾਪਰੀ ਹੋਵੇ।

ਜੇ ਕਿਸੇ ਨੇ ਪਹਿਲਾਂ ਹੀ ਝਗੜਾ ਸੀ ਆਰ ਟੀ ਕੋਲ ਦਰਜ ਕਰਵਾ ਦਿੱਤਾ ਹੋਵੇ ਤਾਂ ਓਹੀ ਝਗੜਾ ਦੂਜੀ ਵਾਰੀ ਸੀ ਆਰ ਟੀ ਕੋਲ ਦਰਜ **ਨਹੀਂ** ਕਰਵਾਇਆ ਜਾ ਸਕਦਾ।

Civil Resolution Tribunal

ਸੀ ਆਰ ਟੀ ਕਿਸੇ ਕਲੇਮ ਦਾ ਫੈਸਲਾ **ਨਹੀਂ** ਕਰ ਸਕਦਾ ਜੇ ਉਹ ਝਗੜਾ ਪਹਿਲਾਂ ਹੀ ਕਿਸੇ ਹੋਰ ਕਾਨੂੰਨੀ ਤੌਰ `ਤੇ ਲਾਗੂ ਹੋਣ ਵਾਲੇ ਤਰੀਕੇ ਜਾਂ ਝਗੜਿਆਂ ਦੇ ਹੱਲ ਕਰਨ ਦੇ ਕਿਸੇ ਹੋਰ ਕਾਰਜ ਅੱਗੇ ਦਰਜ ਹੈ ਜਾਂ ਉਨ੍ਹਾਂ ਰਾਹੀਂ ਹੱਲ ਹੋ ਗਿਆ ਹੈ।

ਸੀ ਆਰ ਟੀ ਕੋਈ ਝਗੜਾ ਹੱਲ **ਨਹੀਂ** ਕਰ ਸਕਦਾ ਜੇ ਇਹ ਤੁੱਛ ਹੈ, ਜੋ ਸਿਰਫ ਕਿਸੇ ਨੂੰ ਤੰਗ ਕਰਨ ਵਾਸਤੇ ਕੀਤਾ ਗਿਆ ਹੈ, ਜਾਂ ਕਾਰਜ ਦੀ ਦੁਰਵਰਤੋਂ ਹੈ।

ਸੀ ਆਰ ਟੀ ਮਸਲਾ ਹੱਲ **ਨਹੀਂ** ਕਰ ਸਕਦਾ ਜੇ ਇਸ ਲਈ ਕੈਨੇਡੀਅਨ ਚਾਰਟਰ ਔਫ ਰਾਈਟਸ ਐਂਡ ਫ੍ਰੀਡਮਜ਼ ਲਾਗੂ ਕਰਨ ਦੀ ਲੋੜ ਹੈ।
ਸੀ ਆਰ ਟੀ ਝਗੜਾ ਹੱਲ **ਨਹੀਂ** ਕਰ ਸਕਦਾ ਜੇ ਸਮੇਂ ਦੀ ਹੱਦ ਲੰਘ ਗਈ ਹੈ।

ਸੀ ਆਰ ਟੀ ਝਗੜੇ ਦਾ ਫੈਸਲਾ **ਨਹੀਂ** ਕਰ ਸਕਦਾ ਜੇ ਕਲੇਮ ਸਰਕਾਰ ਦੇ ਖਿਲਾਫ ਹੈ, ਜਾਂ ਜੇ ਸਰਕਾਰ ਝਗੜੇ ਵਿਚ ਇਕ ਧਿਰ ਹੈ।

### ਕੀ ਮੈਂ ਸੀ ਆਰ ਟੀ ਦੀਆਂ ਫੀਸਾਂ ਅਤੇ ਝਗੜੇ ਨਾਲ ਸੰਬੰਧਿਤ ਖਰਚੇ ਕਲੇਮ ਕਰ ਸਕਦਾ/ਸਕਦੀ ਹਾਂ?

ਜੇ ਝਗੜੇ ਦਾ ਹੱਲ ਐਗਰੀਮੈਂਟ ਨਾਲ ਨਹੀਂ ਹੁੰਦਾ, ਅਤੇ ਟ੍ਰਿਬਿਊਨਲ ਦਾ ਮੈਂਬਰ ਅੰਤਿਮ ਫੈਸਲਾ ਕਰਦਾ ਹੈ ਤਾਂ ਨਾਕਾਮਯਾਬ ਹੋਈ ਧਿਰ ਨੂੰ ਕਾਮਯਾਬ ਹੋਈ ਧਿਰ ਨੂੰ ਟ੍ਰਿਬਿਊਨਲ ਦੀਆਂ ਫੀਸਾਂ ਅਤੇ ਝਗੜੇ ਨਾਲ ਸੰਬੰਧਿਤ ਵਾਜਬ ਖਰਚੇ ਦੇਣੇ ਪੈਣਗੇ, ਜੇ ਟ੍ਰਿਬਿਊਨਲ ਕਿਸੇ ਹੋਰ ਤਰ੍ਹਾਂ ਫੈਸਲਾ ਨਹੀਂ ਕਰਦਾ।

ਇਸ ਵਿਚ ਅੱਗੇ ਲਿਖਿਆਂ ਵਿੱਚੋਂ ਕੁਝ ਜਾਂ ਸਾਰੇ ਸ਼ਾਮਲ ਹੋ ਸਕਦੇ ਹਨ:

- ਦੂਜੀ ਧਿਰ ਵਲੋਂ ਝਗੜੇ ਨਾਲ ਸੰਬੰਧਿਤ ਟ੍ਰਿਬਿਊਨਲ ਦੀਆਂ ਦਿੱਤੀਆਂ ਗਈਆਂ ਫੀਸਾਂ
- ਗਵਾਹਾਂ ਦੀਆਂ ਫੀਸਾਂ ਅਤੇ ਸੰਮਨਾਂ ਦੇ ਸੰਬੰਧ ਵਿਚ ਇਕ ਧਿਰ ਵਲੋਂ ਦਿੱਤੀਆਂ ਗਈਆਂ ਕੋਈ ਵੀ ਫੀਸਾਂ ਅਤੇ ਖਰਚੇ, ਅਤੇ
- ਕੋਈ ਵੀ ਹੋਰ ਵਾਜਬ ਖਰਚੇ ਅਤੇ ਚਾਰਜ ਜਿਹੜੇ ਟ੍ਰਿਬਿਊਨਲ, ਟ੍ਰਿਬਿਊਨਲ ਵਲੋਂ ਝਗੜੇ ਦੇ ਹੱਲ ਦੀ ਕਾਰਵਾਈ ਕਰਨ ਨਾਲ ਸਿੱਧੇ ਸੰਬੰਧਿਤ ਸਮਝਦਾ ਹੈ।

ਕੁਝ ਖਾਸ ਕੇਸਾਂ ਨੂੰ ਛੱਡ ਕੇ, ਟ੍ਰਿਬਿਊਨਲ ਕਿਸੇ ਧਿਰ ਨੂੰ ਟ੍ਰਿਬਿਊਨਲ ਵਲੋਂ ਝਗੜੇ ਦੇ ਹੱਲ ਦੀ ਕਾਰਵਾਈ ਵਿਚ ਦੂਜੀ ਧਿਰ ਵਲੋਂ ਕਿਸੇ ਵਕੀਲ ਜਾਂ ਹੋਰ ਨੁਮਾਇੰਦੇ ਵਲੋਂ ਚਾਰਜ ਕੀਤੀਆਂ ਗਈਆਂ ਫੀਸਾਂ ਦੇਣ ਦਾ ਆਰਡਰ ਨਹੀਂ ਕਰੇਗਾ।

### ਕਿਹੜੀਆਂ ਧਿਰਾਂ ਸਰਕਾਰ ਹਨ?

**ਹਾਂ**

ਸੂਬਾਈ ਸਰਕਾਰ – ਹਰ ਮਾਜੈਸਟੀ ਦਾ ਕੁਈਨ ਇਨ ਰਾਈਟ ਔਫ ਦਾ ਪ੍ਰੋਵਿੰਸ ਔਫ ਬੀ ਸੀ (ਸਮੇਤ ਮਨਿਸਟਰੀਆਂ, ਟ੍ਰਿਬਿਊਨਲਾਂ, ਆਦਿ ਦੇ)

**ਹਾਂ**

ਫੈਡਰਲ ਸਰਕਾਰ – ਹਰ ਮਾਜੈਸਟੀ ਦਾ ਕੁਈਨ ਇਨ ਰਾਈਟ ਔਫ ਕੈਨੇਡਾ (ਸਮੇਤ ਮਨਿਸਟਰੀਆਂ, ਟ੍ਰਿਬਿਊਨਲਾਂ, ਆਦਿ ਦੇ)

**ਨਹੀਂ**

Civil Resolution Tribunal

ਸਥਾਨਕ ਸਰਕਾਰ (ਉਦਾਹਰਣ ਲਈ, ਕੋਈ ਮਿਉਂਸਿਪਲਟੀ)

**ਨਹੀਂ**

ਸਕੂਲ ਬੋਰਡ

**ਨਹੀਂ**

ਕਰਾਊਨ ਕਾਰਪੋਰੇਸ਼ਨਾਂ

## ਕੀ ਤੁਸੀਂ ਮੈਨੂੰ ਇਹ ਦੱਸ ਸਕਦੇ ਹੋ ਕਿ ਕੀ ਮੇਰਾ ਕੇਸ ਸੀ ਆਰ ਟੀ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ?

ਸੀ ਆਰ ਟੀ ਉਦੋਂ ਤੱਕ ਤੁਹਾਨੂੰ ਇਹ ਨਹੀਂ ਦੱਸ ਸਕਦਾ ਕਿ ਕੀ ਤੁਹਾਡਾ ਕੇਸ ਸਾਡੇ ਅਧਿਕਾਰ ਖੇਤਰ ਵਿਚ ਹੈ ਜਦ ਤੱਕ ਤੁਸੀਂ ਝਗੜੇ ਦੇ ਹੱਲ ਲਈ ਐਪਲੀਕੇਸ਼ਨ ਦਰਜ ਨਹੀਂ ਕਰਵਾਉਂਦੇ ਅਤੇ ਲੋੜੀਂਦੀ ਫੀਸ ਨਹੀਂ ਦਿੰਦੇ।

ਜੇ ਤੁਸੀਂ ਸੀ ਆਰ ਟੀ ਕੋਲ ਆਪਣਾ ਝਗੜਾ ਦਰਜ ਕਰਵਾਉਣ ਤੋਂ ਪਹਿਲਾਂ ਇਹ ਜਾਣਨਾ ਚਾਹੁੰਦੇ ਹੋਵੋ ਕਿ ਕੀ ਤੁਹਾਡਾ ਕਲੇਮ ਸੀ ਆਰ ਟੀ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ ਜਾਂ ਨਹੀਂ ਤਾਂ ਤੁਸੀਂ ਕਾਨੂੰਨੀ ਸਲਾਹ ਲੈ ਸਕਦੇ ਹੋ।

ਸੀ ਬੀ ਏ ਬੀ ਸੀ ਦੀ ਲੌਈਅਰ ਰੈਫਰਲ ਸਰਵਿਸ ਤੁਹਾਨੂੰ ਕਿਸੇ ਅਜਿਹੇ ਵਕੀਲ ਨਾਲ ਜੋੜਣ ਦੇ ਯੋਗ ਹੋ ਸਕਦੀ ਹੈ ਜੋ ਨਾਮਾਤਰ ਫੀਸ ਲੈ ਕੇ ਤੁਹਾਨੂੰ 30 ਮਿੰਟ ਦਾ ਸਲਾਹ-ਮਸ਼ਵਰਾ ਦੇ ਸਕਦਾ ਹੈ।

ਐਕਸੈੱਸ ਪ੍ਰੋ ਬੋਨੋ ਬ੍ਰਿਟਿਸ਼ ਕੋਲੰਬੀਆ ਭਰ ਵਿਚ ਕਲੀਨਿਕ ਚਲਾਉਂਦੀ ਹੈ ਜਿਹੜੇ ਯੋਗ ਵਿਅਕਤੀਆਂ ਨੂੰ ਮੁਫਤ ਕਾਨੂੰਨੀ ਸੇਵਾਵਾਂ ਦਿੰਦੇ ਹਨ।

**ਜੇ ਸੀ ਆਰ ਟੀ ਮੇਰੀ ਮਦਦ ਨਾ ਕਰ ਸਕਦਾ ਹੋਵੇ ਤਾਂ ਮੈਨੂੰ ਕਦੋਂ ਦੱਸਿਆ ਜਾਵੇਗਾ?**

ਤੁਸੀਂ ਆਪਣੇ ਆਪ ਇਹ ਪਤਾ ਲਾਉਣ ਦੇ ਯੋਗ ਹੋ ਸਕਦੇ ਹੋ ਕਿ ਕੀ ਸੀ ਆਰ ਟੀ ਤੁਹਾਡੀ ਮਦਦ ਕਰਨ ਦੇ ਯੋਗ ਹੋਵੇਗਾ ਜਾਂ ਨਹੀਂ। ਪਹਿਲਾ ਕਦਮ ਸੀ ਆਰ ਟੀ ਦੇ ਸੈਲਫ-ਹੈਲਪ ਟੂਲ, ਸੋਲੂਸ਼ਨ ਐਕਸਪਲੋਰਰ ਦੀ ਵਰਤੋਂ ਕਰਨਾ ਹੈ। ਇਹ ਆਪਣੀ ਸਮੱਸਿਆ ਬਾਰੇ ਅਤੇ ਇਹ ਜਾਣਨ ਵਿਚ ਤੁਹਾਡੀ ਜ਼ਿਆਦਾ ਮਦਦ ਕਰੇਗਾ ਕਿ ਇਸ ਦਾ ਹੱਲ ਕਰਨ ਲਈ ਤੁਸੀਂ ਕੀ ਕਰਨ ਦੇ ਯੋਗ ਹੋ ਸਕਦੇ ਹੋ। ਸੋਲੂਸ਼ਨ ਐਕਸਪਲੋਰਰ ਤੁਹਾਨੂੰ ਦੂਜੀ ਧਿਰ ਨੂੰ ਚਿੱਠੀ ਭੇਜਣ ਲਈ ਟੈਮਪਲੇਟਸ (ਨਮੂਨੇ) ਵੀ ਦੇ ਸਕਦਾ ਹੈ, ਅਤੇ ਤੁਹਾਨੂੰ ਇਹ ਦੱਸ ਸਦਕਾ ਹੈ ਕਿ ਤੁਹਾਡੇ ਕਾਨੂੰਨੀ ਹੱਕ ਕੀ ਹਨ।

ਤੁਹਾਡੀ ਖੋਜ ਦੇ ਅੰਤ `ਤੇ, ਜੇ ਸੋਲੂਸ਼ਨ ਐਕਸਪਲੋਰਰ ਇਹ ਕਹਿੰਦਾ ਹੈ ਕਿ ਤੁਹਾਡੀ ਸਮੱਸਿਆ ਅਜਿਹੀ ਹੈ ਜਿਸ ਵਿਚ ਸੀ ਆਰ ਟੀ ਮਦਦ ਕਰ ਸਕਦਾ ਹੈ ਤਾਂ ਤੁਸੀਂ ਫਿਰ ਝਗੜੇ ਦੇ ਹੱਲ ਲਈ ਔਨਲਾਈਨ ਐਪਲੀਕੇਸ਼ਨ ਦਰਜ ਕਰਵਾ ਸਕਦੇ ਹੋ। ਸੀ ਆਰ ਟੀ ਨੂੰ ਤੁਹਾਡੀ ਡਿਸਪਿਊਟ ਐਪਲੀਕੇਸ਼ਨ ਮਿਲੇਗੀ ਅਤੇ ਕੋਈ ਰੈਜ਼ੋਲੂਸ਼ਨ ਸਪੋਰਟ ਕਲਰਕ ਇਸ ਦੀ ਪੜਚੋਲ ਕਰੇਗਾ। ਜੇ ਸੀ ਆਰ ਟੀ ਇਹ ਫੈਸਲਾ ਕਰਦਾ ਹੈ ਕਿ ਉਹ ਤੁਹਾਡੀ ਮਦਦ ਨਹੀਂ ਕਰ ਸਕਦਾ ਤਾਂ ਤੁਹਾਨੂੰ ਇਸ ਬਾਰੇ ਦੱਸਣ ਲਈ ਰੈਜ਼ੋਲੂਸ਼ਨ ਸਪੋਰਟ ਕਲਰਕ ਤੁਹਾਡੇ ਨਾਲ ਸੰਪਰਕ ਕਰੇਗਾ।